This question paper contains 4 printed pages]

*Your Roll No.........................*

858

**B.A. (PROGRAMME)/II/III** **D**

PUNJABI LANGUAGE (C)—Paper II

(Basic Punjabi)

(Admissions of 2004/2006 and after in respect of the students of regular colleges/NCWEB.)

*Time* : 3 *Hours* *Maximum Marks* : 75

*(Write your Roll No. on the top immediately on receipt of this question paper.)*

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

**ਨੋਟ** : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਤੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਉ : 10

ਮਨੁੱਖ ਪਸ਼ੂਆਂ ਨਾਲੋਂ ਹਮੇਸ਼ਾ ਬੇਹਤਰ ਹਾਲਤ ਵਿਚ ਰਿਹਾ ਹੈ। ਮਨੁੱਖ ਜਾਤੀ ਅਤੇ ਪਸ਼ੂ ਜਾਤੀ ਵਿਚ ਫਰਕ ਕੇਵਲ ਏਨਾ ਹੈ ਕਿ ਵਾਹਿਗੁਰੂ ਨੇ ਮਨੁੱਖ ਨੂੰ ਵਿਚਾਰ-ਸ਼ਕਤੀ ਬਖ਼ਸ਼ੀ ਹੋਈ ਹੈ। ਇਹ ਪਸ਼ੂਆਂ ਵਿਚ ਨਹੀਂ ਹੁੰਦੀ। ਸਮਝ ਸਿਰਫ਼ ਮਨੁੱਖ ਕੋਲ ਹੀ ਹੁੰਦੀ ਹੈ। ਮਨੁੱਖ ਆਪਣੇ ਕਰਮਾਂ ਬਾਰੇ ਸੁਚੇਤ ਰਹਿੰਦਾ ਹੈ। ਉਸ ਨੂੰ ਕਰਮਾਂ ਦੇ ਫ਼ਲ ਦਾ ਵੀ ਗਿਆਨ ਹੈ। ਉਹ ਕਿਸੇ ਦਾ ਦਿਲ ਨਹੀਂ ਦੁਖਾਉਂਦਾ। ਕਿਸੇ ਦਾ ਬੁਰਾ ਕਰਨ

ਤੋਂ ਵੀ ਬਚਦਾ ਹੈ। ਅਜਿਹਾ ਮਨੁੱਖ ਸਭਿਆ ਮਨੁੱਖ ਦੀ ਸ਼੍ਰੇਣੀ ਵਿਚ ਆਉਂਦਾ ਹੈ। ਬਿਨਾਂ ਸੋਚੇ ਸਮਝੇ ਕੰਮ ਕਰਨ ਵਾਲਾ ਮਨੁੱਖ ਲੋਕਾਂ ਦੀਆਂ ਨਜ਼ਰਾਂ ਵਿਚ ਗਿਰ ਜਾਂਦਾ ਹੈ। ਫਿਰ ਉਹ ਆਪਣੇ ਆਪ ਨੂੰ ਅਣਗੌਲਿਆ ਮਹਿਸੂਸ ਕਰਦਾ ਹੈ। ਇਸ ਲਈ ਚੰਗੀ ਸੂਝ ਰੱਖਣ ਵਾਲਾ ਵਿਅਕਤੀ ਹੀ ਹਰ ਥਾਂ ਸਤਿਕਾਰਿਆ ਜਾਂਦਾ ਹੈ। ਸਿਆਣਪ ਬੰਦੇ ਨੂੰ ਉਸ ਦੀ ਮਨਭਾਉਂਦੀ ਮੰਜ਼ਿਲ ਤੱਕ ਪਹੁੰਚਾ ਸਕਦੀ ਹੈ।

ੳ) ਉਪਰਲੇ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਉ।

ਅ) ਮਨੁੱਖ ਪਸ਼ੂਆਂ ਨਾਲੋਂ ਕਿਵੇਂ ਬੇਹਤਰ ਹੈ?

ੲ) ਚੰਗਿਆਈ ਦਾ ਕੀ ਨਤੀਜਾ ਹੁੰਦਾ ਹੈ?

ਸ) ਬਿਨਾ ਸੋਚੇ ਸਮਝੇ ਕੰਮ ਕਰਨ ਵਾਲੇ ਦਾ ਕੀ ਹਾਲ ਹੁੰਦਾ ਹੈ।

(ਹ) ਇਸ ਪੈਰ੍ਹੇ 'ਤੋਂ ਸਾਨੂੰ ਕੀ ਸਿਖਿਆ ਮਿਲਦੀ ਹੈ?

**ਜਾਂ**

ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਉਸ ਦੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਉ :

ਕੁੱਝ ਰੁੱਖ ਮੈਨੂੰ ਪੁਤ ਲਗਦੇ ਨੇ

ਕੁੱਝ ਰੁੱਖ ਲਗਦੇ ਮਾਵਾਂ

ਕੁੱਝ ਰੁੱਖ ਨੂੰਹਾਂ ਧੀਆਂ ਲਗਦੇ

ਕੁੱਝ ਰੁੱਖ ਵਾਂਗ ਭਰਾਵਾਂ

ਕੁੱਝ ਰੁੱਖ ਮੇਰੇ <u>ਬਾਬੇ</u> ਵਾਕਣ

ਪੱਤਰ <u>ਟਾਵਾਂ</u> ਟਾਵਾਂ

ਕੁੱਝ ਰੁੱਖ ਮੇਰੀ ਦਾਦੀ <u>ਵਾਕਣ</u>

<u>ਚੂਰੀ</u> ਪਾਵਣ ਕਾਵਾਂ

ੳ) ਲਕੀਰੇ ਸ਼ਬਦਾਂ ਦੇ ਅਰਥ ਲਿਖੋ।

ਅ) ਕਵਿਤਾ ਦੀਆਂ ਪਹਿਲੀਆਂ ਦੋ ਸਤਰਾਂ ਵਿਚ ਕਿਹੜੇ ਰਿਸ਼ਤਿਆਂ ਦਾ ਜ਼ਿਕਰ ਹੈ?

ੲ) ਉਪਰੋਕਤ ਸਤਰਾਂ ਵਿਚ ਕਿਸ ਦੀ ਪ੍ਰਸੰਸਾ ਕੀਤੀ ਗਈ ਹੈ?

ਸ) ਕਵਿਤਾ ਵਿਚ ਕਿਹੜੀ ਖ਼ੁਰਾਕ ਦਾ ਵਰਣਨ ਮਿਲਦਾ ਹੈ?

ਹ) ਉਪਰਲੀਆਂ ਸਤਰਾਂ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿਚ ਲਿਖੋ।

2. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਉਪਰ ਨੋਟਿਸ ਤਿਆਰ ਕਰੋ : 10

ੳ) ਖ਼ੂਨਦਾਨ ਕੈਂਪ

ਅ) ਕਾਲਜ ਵਿਚ ਹੋਣ ਵਾਲਾ ਸੈਮੀਨਾਰ

ੲ) ਕਾਲਜ ਮੈਗਜ਼ੀਨ ਵਿਚ ਰਚਨਾਵਾਂ ਮੰਗਣ ਲਈ

3. ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਫ਼ੀਸ ਮੁਆਫ਼ੀ ਲਈ ਬਿਨੈ ਪੱਤਰ ਲਿਖੋ। 15

**ਜਾਂ**

ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਚਿੱਠੀ ਲਿਖ ਕੇ ਗਲੀ ਦੀ ਸਫਾਈ ਬਾਰੇ ਸ਼ਿਕਾਇਤ ਕਰੋ।

4. ਹੇਠ ਲਿਖੇ ਭਾਵਾਂ ਨਾਲ ਸੰਬੰਧਤ **ਇਕ-ਇਕ** ਸ਼ਬਦ ਲਿਖੋ: 5

ੳ) ਮੁਆਫ਼ੀ ਮੰਗਣ ਵਾਸਤੇ

ਅ) ਵਾਅਦਾ ਕਰਨ ਵਾਸਤੇ

ੲ) ਖ਼ੁਸ਼ੀ ਦਾ ਪ੍ਰਗਟਾਵਾ ਕਰਨ ਵਾਸਤੇ

ਸ) ਸ਼ੁਕਰੀਆ ਅਦਾ ਕਰਨ ਵਾਸਤੇ

ਹ) ਸਵਾਗਤ ਕਰਨ ਵਾਸਤੇ

5. ੳ) ਪੰਜਾਬੀ ਵਿੱਚ ਕਿਹੜੇ ਵਿਸ਼ਰਾਮ ਚਿਹਨ ਵਰਤੇ ਜਾਂਦੇ ਹਨ? ਉਨ੍ਹਾਂ ਦੇ ਨਾਂ ਅਤੇ ਚਿਹਨ ਦਸੋ। 15

ਅ) ਹੇਠ ਦਿੱਤੇ ਸ਼ਬਦਾਂ ਨੂੰ **ਦੋ-ਦੋ** ਵਾਕਾਂ ਵਿਚ ਇੰਝ ਵਰਤੋਂ ਕਿ ਉਨ੍ਹਾਂ ਦੇ ਵੱਖ ਵੱਖ ਅਰਥ ਸਪਸ਼ਟ ਹੋ ਜਾਣ : 10

ਉੱਤਰ, ਮੰਗ, ਕੱਚਾ, ਫੁੱਲ, ਸੂਈ

6. ਹੇਠ ਲਿਖੇ ਸ਼ਬਦਾਂ ਵਿਚੋਂ ਕੋਈ **ਦਸ** ਦਾ ਪੰਜਾਬੀ ਵਿਚ ਅਨੁਵਾਦ ਕਰੋ : 10

Ego, Literature, Result, Theatre, Language, Poem, Basic, Editor, Environment, Table, Civilisation, Writer, Newspaper, Blood, Image.